# ਜਮਾਤ-ਬਾਰ੍ਹਵੀਂ
# ਪੰਜਾਬੀ ਚੋਣਵੀਂ
## ਟਰਮ-2 (ਫਰਵਰੀ-ਮਾਰਚ, 2022)
# 2021-2022

ਸਮਾਂ: 3 ਘੰਟੇ ਲਿਖਤੀ= 40 ਅੰਕ

## ਪਾਠ-ਕ੍ਰਮ ਅਤੇ ਅੰਕ-ਵੰਡ

| ਲੜੀ ਨੰ. | ਪਾਠ-ਕ੍ਰਮ | ਅੰਕ |
|---|---|---|
| 1. | ਸੁੰਦਰ ਲਿਖਾਈ | 2 |
| 1. | **ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ):**<br>**ਸੂਫ਼ੀ-ਕਾਵਿ:**<br>ਬੁੱਲ੍ਹੇ ਸ਼ਾਹ<br>ਹਾਸ਼ਮ ਸ਼ਾਹ<br>ਖ਼ਵਾਜਾ ਗ਼ੁਲਾਮ ਫ਼ਰੀਦ<br>**ਗੁਰਮਤਿ-ਕਾਵਿ:**<br>ਗੁਰੂ ਰਾਮ ਦਾਸ ਜੀ<br>ਗੁਰੂ ਅਰਜਨ ਦੇਵ ਜੀ<br>ਭਾਈ ਗੁਰਦਾਸ ਜੀ<br>ਗੁਰੂ ਤੇਗ ਬਹਾਦਰ ਜੀ<br>**ਕਿੱਸਾ-ਕਾਵਿ:**<br>ਵਾਰਿਸ ਸ਼ਾਹ<br>ਕਾਦਰਯਾਰ<br>**ਬੀਰ-ਕਾਵਿ:**<br>ਸ਼ਾਹ ਮੁਹੰਮਦ<br>ਨਜਾਬਤ<br>ਨੋਟ: ਇਤਿਹਾਸਕ ਪਿਛੋਕੜ ਵਾਲੇ ਪ੍ਰਸ਼ਨਾਂ ਵਿੱਚੋਂ ਕੇਵਲ ਉਪਰੋਕਤ ਕਾਵਿ- ਧਰਾਵਾਂ ਦੀ ਆਮ ਜਾਣਕਾਰੀ ਵਾਲਾ ਭਾਗ ਸ਼ਾਮਿਲ ਹੋਵੇਗੇ। | 17 |
| 2. | **ਆਪ-ਬੀਤੀਆਂ:**<br>ਪੰਜਾਬੀ ਸਵੈ-ਜੀਵਨੀਆਂ ਵਿੱਚੋਂ ਲਏ ਅੰਸ਼:<br>1. ਮੈਂ ਤੇ ਮੇਰੇ ਦਾਰ ਜੀ<br>2. ਮੇਰਾ ਨਾਮਕਰਨ<br>3. ਆਪਣੀ ਸੋਚ ਦੇ ਗਹਿਰੇ ਸਾਏ<br>4. ਚੰਡੀਗੜ੍ਹ ਵਿੱਚ ਨਿਯੁਕਤੀ<br>5. ਮੁੜ੍ਹਕੇ ਦੀ ਖ਼ੁਸ਼ਬੋ<br>6. ਫ਼ਿਲਮਾਂ ਵਿੱਚ ਪ੍ਰਵੇਸ਼<br>7. ਮੇਰੀਆਂ ਧੀਆਂ- ਮੇਰੇ ਖੰਭ | 10 |

| | | |
|---|---|---|
| 4. | **ਸਾਹਿਤ-ਬੋਧ (ਸਾਹਿਤ ਰੂਪ):**<br>ਨਿਬੰਧ, ਜੀਵਨੀ, ਸਵੈ-ਜੀਵਨੀ, ਸਫ਼ਰਨਾਮਾ<br>**ਛੰਦ:** ਚੌਪਈ, ਦਵਈਆ, ਬੈਂਤ<br>**ਅਲੰਕਾਰ:** ਦ੍ਰਿਸ਼ਟਾਂਤ, ਅਤਿਕਥਨੀ<br>**ਰਸ:** ਭਿਆਨਕ ਰਸ, ਅਦਭੁਤ ਰਸ, ਬੀਭਤਸ ਰਸ, ਸ਼ਾਂਤ ਰਸ | 6 (ਸਾਹਿਤ ਰੂਪ)<br>4+1 ( ਛੰਦ, ਰਸ, ਅਲੰਕਾਰ) =5 |
| | ਕੁੱਲ ਅੰਕ | 40 |

**ਨਿਰਧਾਰਿਤ ਪਾਠ-ਪੁਸਤਕਾਂ:**

1. **ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)**
2. **ਆਪ-ਬੀਤੀਆਂ**
3. **ਸਾਹਿਤ-ਬੋਧ**

**ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ**

# ਜਮਾਤ-ਬਾਰ੍ਹਵੀਂ
# ਪੰਜਾਬੀ ਚੋਣਵੀਂ
## ਟਰਮ-2 (ਫਰਵਰੀ-ਮਾਰਚ, 2022)
# 2021-2022
## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 3 ਘੰਟੇ ਲਿਖਤੀ= 40 ਅੰਕ

ਨੋਟ:

1. 02 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ।ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-40 ਵਿੱਚ ਹੀ ਰਾਖਵੇਂ ਹਨ।ਸੁੰਦਰ ਲਿਖਾਈ ਵਿੱਚ ਅੱਖਰਾਂ ਤੇ ਸ਼ਬਦਾਂ ਦਾ ਸਹੀ ਆਕਾਰ, ਸਪਸ਼ਟਤਾ, ਨਿਸ਼ਚਿਤ ਦੂਰੀ, ਲਿਖਣ 'ਚ ਇਕਸਾਰਤਾ, ਪ੍ਰਵਾਹਯੁਕਤ ਲੇਖਨ, ਸ਼ਬਦ-ਜੋੜ ਸ਼ੁੱਧਤਾ, ਸੁੰਦਰ ਸ਼ਬਦ-ਬਣਤਰ, ਵਿਸਰਾਮ-ਚਿੰਨ੍ਹਾਂ ਦੀ ਸਹੀ ਵਰਤੋਂ ਅਤੇ ਲਿਖਾਈ ਦੇ ਸਮੁੱਚੇ ਖ਼ੂਬਸੂਰਤ ਪ੍ਰਭਾਵ ਦੇ ਆਧਾਰ 'ਤੇ ਪਰੀਖਿਅਕ ਸੰਬੰਧਿਤ ਪਰੀਖਿਆਰਥੀ ਦੀ ਲਿਖਾਈ ਦਾ ਮੁਲਾਂਕਣ ਕਰੇਗਾ।
2. ਪ੍ਰਸ਼ਨ-ਪੱਤਰ ਦੇ ਕੁੱਲ 8 ਪ੍ਰਸ਼ਨ ਹੋਣਗੇ।
3. ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ
## ਵਿਸ਼ੇਸ਼ ਹਦਾਇਤਾਂ

ਪਰੀਖਿਆ ਪੱਖੋਂ ਅਧਿਆਪਕਾਂ, ਵਿਦਿਆਰਥੀਆਂ, ਪੇਪਰ-ਸੈਂਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਦਾਇਤਾਂ:

**ਪ੍ਰਸ਼ਨ ਨੰ: 1** ਇਹ ਪ੍ਰਸ਼ਨ ਸੁੰਦਰ ਲਿਖਾਈ ਦੇ ਅੰਕਾਂ ਲਈ ਰਾਖਵਾਂ ਹੋਵੇਗਾ। **2 ਅੰਕ**

**ਪ੍ਰਸ਼ਨ ਨੰ: 2** ਵਸਤੂਨਿਸ਼ਠ ਪ੍ਰਸ਼ਨ (ਕੁੱਲ ਪੰਜ ਪ੍ਰਸ਼ਨ):

(ੳ) ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰਾਂ ਵਾਲੇ **ਦੋ** ਪ੍ਰਸ਼ਨ 2*1=2 ਅੰਕ

(ਅ) ਸਹੀ/ਗਲਤ ਵਾਲੇ **ਦੋ** ਕਥਨ 2*1=2 ਅੰਕ

(ਸ) ਖ਼ਾਲੀ ਥਾਵਾਂ ਭਰੋ ਦਾ **ਇੱਕ** ਕਥਨ (ਦੋ ਆਪਸ਼ਨਾਂ ਸਮੇਤ) 1*1= 1 ਅੰਕ

ਇਹ ਵਸਤੂਨਿਸ਼ਠ ਪ੍ਰਸ਼ਨ ਤਿੰਨੋ ਨਿਰਧਾਰਿਤ ਪਾਠ-ਪੁਸਤਕਾਂ ਵਿੱਚੋਂ ਲਗ-ਪਗ ਲੋੜੀਂਦੇ ਅਨੁਪਾਤ ਅਨੁਸਾਰ ਹੋਣ।

**2+2+1= 5 ਅੰਕ**

**ਪ੍ਰਸ਼ਨ ਨੰ: 3** **ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** ਦੇ ਸੂਫ਼ੀ-ਕਾਵਿ ਅਤੇ ਗੁਰਮਤਿ-ਕਾਵਿ ਭਾਗ ਵਿੱਚੋਂ ਦੋ ਕਾਵਿ-ਅੰਸ਼ਾਂ/ਕਾਵਿ-ਸਤਰਾਂ ਵਾਲ਼ੇ ਬੰਦ ਦੇ ਕੇ ਕਿਸੇ **ਇੱਕ ਦੀ ਪ੍ਰਸੰਗ ਸਹਿਤ ਵਿਆਖਿਆ** ਕਰਨ ਲਈ ਕਿਹਾ ਜਾਵੇਗਾ।ਹਰੇਕ ਪ੍ਰਸੰਗ ਲਈ 2 ਅਤੇ ਵਿਆਖਿਆ ਲਈ 3 ਅੰਕ ਹੋਣਗੇ। **1*5=5 ਅੰਕ**

**ਪ੍ਰਸ਼ਨ ਨੰ:4** **ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** ਦੇ ਸੂਫ਼ੀ-ਕਾਵਿ ਅਤੇ ਗੁਰਮਤਿ-ਕਾਵਿ ਭਾਗਾਂ ਵਿੱਚੋਂ ਇੱਕ-ਇੱਕ ਰਚਨਾ ਦੇ ਨਾਂ ਦੇ ਕੇ ਕਿਸੇ **ਇੱਕ ਦਾ ਕੇਂਦਰੀ ਭਾਵ ਸੰਖੇਪ ਵਿੱਚ** ਲਿਖਣ ਲਈ ਕਿਹਾ ਜਾਵੇਗਾ। **1*4= 4 ਅੰਕ**

**ਪ੍ਰਸ਼ਨ ਨੰ:5** **ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** ਦੇ ਕਿੱਸਾ-ਕਾਵਿ ਅਤੇ ਬੀਰ-ਕਾਵਿ ਭਾਗ ਨਾਲ਼ ਸੰਬੰਧਿਤ ਪਾਠਾਂ ਅਤੇ ਪਾਠ-ਅਭਿਆਸ ਵਿੱਚੋਂ ਕਾਵਿ-ਧਾਰਾ ਦੀ ਆਮ ਜਾਣਕਾਰੀ ਬਾਰੇ ਦੋ ਪ੍ਰਸ਼ਨ ਦੇ ਕੇ ਕਿਸੇ **ਇੱਕ ਪ੍ਰਸ਼ਨ** ਦਾ ਉੱਤਰ ਸੰਖੇਪ ਵਿੱਚ ਲਿਖਣ ਲਈ ਕਿਹਾ ਜਾਵੇਗਾ। **1*6= 6 ਅੰਕ**

**ਪ੍ਰਸ਼ਨ ਨੰ:6** **ਆਪ-ਬੀਤੀਆਂ** ਪਾਠ-ਪੁਸਤਕ ਅਤੇ ਪਾਠ-ਅਭਿਆਸਾਂ ਉੱਤੇ ਆਧਾਰਿਤ ਛੋਟੇ ਉੱਤਰਾਂ ਵਾਲ਼ੇ **ਚਾਰ** ਪ੍ਰਸ਼ਨ ਪੁੱਛੇ ਜਾਣਗੇ ਅਤੇ ਉਹਨਾਂ ਵਿੱਚੋਂ ਕੋਈ **ਦੋ ਪ੍ਰਸ਼ਨਾਂ** ਦੇ ਉੱਤਰ ਸੰਖੇਪ ਵਿੱਚ ਲਿਖਣ ਲਈ ਕਿਹਾ ਜਾਵੇਗਾ।

**2*4=8 ਅੰਕ**

**ਪ੍ਰਸ਼ਨ ਨੰ:7 ਸਾਹਿਤ-ਬੋਧ** ਪਾਠ-ਪੁਸਤਕ ਵਿੱਚੋਂ ਕਿਸੇ ਤਿੰਨ **ਸਾਹਿਤ-ਰੂਪਾਂ** ਦੇ ਨਾਂ ਦੇ ਕੇ ਕਿਸੇ ਇੱਕ ਬਾਰੇ ਨੋਟ ਲਿਖਣ ਲਈ ਕਿਹਾ ਜਾਵੇਗਾ। ਇਸ ਵਿੱਚ 1 ਅੰਕ ਸੰਬੰਧਿਤ ਸਾਹਿਤ ਰੂਪ ਦੀ ਅਤਿ-ਸੰਖੇਪ ਪਰਿਭਾਸ਼ਾ ਦੇਣ, 3 ਅੰਕ ਉਸ ਦੀਆਂ ਵਿਸ਼ੇਸ਼ਤਾਈਆਂ ਅਤੇ 1 ਅੰਕ ਸੰਬੰਧਿਤ ਸਾਹਿਤ ਰੂਪ ਦੇ ਕੋਈ ਅਹਿਮ ਇੱਕ **ਪੰਜਾਬੀ ਲੇਖਕ/ਰਚਨਾ ਦੇ ਨਾਂ** ਦੇਣ ਲਈ ਹੋਵੇਗਾ।

**1+4+1=6 ਅੰਕ**

**ਪ੍ਰਸ਼ਨ ਨੰ:8 ਸਾਹਿਤ-ਬੋਧ** ਪਾਠ-ਪੁਸਤਕ ਵਿੱਚੋਂ ਇੱਕ ਛੰਦ, ਇੱਕ ਅਲੰਕਾਰ ਅਤੇ ਇੱਕ ਰਸ ਦੇ ਨਾਂ ਦੇ ਕੇ ਇਹਨਾਂ ਵਿੱਚੋਂ ਕਿਸੇ ਇੱਕ ਦੀ ਉਦਾਹਰਨਾਂ ਸਹਿਤ ਪਰਿਭਾਸ਼ਾ ਲਿਖਣ ਲਈ ਕਿਹਾ ਜਾਵੇਗਾ। **1*4=4 ਅੰਕ**

**ਨਿਰਧਾਰਿਤ ਪਾਠ-ਪੁਸਤਕਾਂ:**

1. **ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) 2. ਆਪ-ਬੀਤੀਆਂ 3. ਸਾਹਿਤ-ਬੋਧ**

**ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ**